**ਦਫਤਰ ਜਿਲ੍ਹਾ ਮੈਜਿਸਟਰੇਟ ਸੰਗਰੂਰ**
(ਫੁਟਕਲ ਸ਼ਾਖਾ)

ਨੰਬਰ 47 /ਐਮ.ਏ　　　　　　ਮਿਤੀ 21-03-2020

**ਹੁਕਮ**

ਇਹ ਦੇਖਣ ਵਿੱਚ ਆਇਆ ਹੈ ਕਿ ਕੋਵਿਡ-19 (ਕਰੋਨਾ ਵਾਇਰਸ) ਦੀ ਬਿਮਾਰੀ ਵਿਸ਼ਵ ਭਰ ਵਿੱਚ ਫੈਲੀ ਹੋਈ ਹੈ। ਜਿਸ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵੱਲੋ ਜਾਰੀ ਨੋਟੀਫਿਕੇਸ਼ਨ ਨੰ:14/7/2020-4/677 ਮਿਤੀ 05.03.2020 ਰਾਹੀਂ ਕਰੋਨਾ ਵਾਇਰਸ ਨੂੰ ਮਹਾਂਮਾਰੀ ਘੋਸ਼ਿਤ ਕਰ ਦਿੱਤਾ ਗਿਆ ਹੈ। ਕੁਝ ਸ਼ਰਾਰਤੀ ਅਨਸਰਾਂ ਵੱਲੋ ਸ਼ੋਸ਼ਲ ਮੀਡੀਆ ਜਿਵੇ ਕਿ ਵਟਸਐਪ, ਫੇਸ ਬੁੱਕ ਅਤੇ ਟਵੀਟਰ ਆਦਿ ਤੇ ਕਰੋਨਾਂ ਵਾਇਰਸ ਦੇ ਫੈਲਣ ਸਬੰਧੀ ਅਫਵਾਹਾਂ ਫੈਲਾਈਆ ਜਾ ਰਹੀਆਂ ਹਨ। ਜਿਸ ਕਾਰਨ ਆਮ ਪਬਲਿਕ ਵਿੱਚ ਡਰ ਦਾ ਮਾਹੌਲ ਪੈਦਾ ਹੋ ਰਿਹਾ ਹੈ।

ਇਸ ਲਈ ਮੈਂ ਘਨਸ਼ਿਆਮ ਥੋਰੀ, ਆਈ.ਏ.ਐਸ , ਜਿਲ੍ਹਾ ਮੈਜਿਸਟਰੇਟ ਸੰਗਰੂਰ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰ :2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਇਹ ਹੁਕਮ ਜਾਰੀ ਕਰਦਾ ਹਾਂ ਕਿ ਜ਼ਿਲ੍ਹਾ ਸੰਗਰੂਰ ਅੰਦਰ ਕਿਸੇ ਵੀ ਵਿਅਕਤੀ ਵੱਲੋ ਸ਼ੋਸ਼ਲ ਮੀਡੀਆ ਤੇ ਕਰੋਨਾਂ ਵਾਇਰਸ ਦੇ ਫੈਲਣ ਸਬੰਧੀ ਅਫਵਾਹਾਂ ਫੈਲਾਉਣ ਤੇ ਪੂਰਨ ਪਾਬੰਦੀ ਲਗਾਈ ਜਾਂਦੀ ਹੈ।

ਇਨ੍ਹਾਂ ਹੁਕਮਾਂ ਨੂੰ ਸਖਤੀ ਨਾਲ ਲਾਗੂ ਕਰਵਾਉਣ ਲਈ ਸੀਨੀਅਰ ਕਪਤਾਨ ਪੁਲਿਸ ਸੰਗਰੂਰ ਅਤੇ ਸਮੂਹ ਉਪ ਮੰਡਲ ਮੈਜਿਸਟਰੇਟ ਜਿਲ੍ਹਾ ਸੰਗਰੂਰ ਜੁੰਮੇਵਾਰ ਹੋਣਗੇ।

ਇਹ ਹੁਕਮ ਮਿਤੀ 21/03/2020 ਤੋਂ 20/05/2020 ਤੱਕ ਲਾਗੂ ਰਹੇਗਾ।

ਮਾਮਲੇ ਦੀ ਤਤਪਰਤਾ ਨੂੰ ਮੁੱਖ ਰਖਦੇ ਹੋਏ ਇਹ ਹੁਕਮ ਇਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਤ ਕੀਤਾ ਜਾਂਦਾ ਹੈ। ਇਹ ਹੁਕਮ ਜਿਲਾ ਲੋਕ ਸੰਪਰਕ ਅਫਸਰ ਸੰਗਰੂਰ ਦੀ ਪ੍ਰਚਾਰ ਗੱਡੀ ਰਾਹੀਂ ਮੁਨਾਦੀ ਕਰਵਾ ਕੇ ਅਤੇ ਹੁਕਮ ਦੀਆਂ ਕਾਪੀਆਂ ਸਦਰ ਮੁਕਾਮਾਂ, ਉਪ ਮੰਡਲ ਮੈਜਿਸਟਰੇਟਸ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਅਤੇ ਜਿਲ੍ਹਾ ਪੱਧਰ ਦੀਆਂ ਪਬਲਿਕ ਥਾਵਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 21/03/2020 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਜਾਰੀ ਹੋਇਆ।

ਘਨਸ਼ਿਆਮ ਥੋਰੀ, ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ,
ਸੰਗਰੂਰ।

ਪਿ:ਅ:ਨੰ: 3851-75　　/ਐਮ.ਏ　　ਮਿਤੀ: 21-03-2020

ਉਪਰੋਕਤ ਦਾ ਉਤਾਰਾ:

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ
3. ਕਮਿਸ਼ਨਰ, ਪਟਿਆਲਾ ਮੰਡਲ ਪਟਿਆਲਾ
4. ਜ਼ਿਲਾ ਅਤੇ ਸੈਸ਼ਨ ਜੱਜ ਸੰਗਰੂਰ
5. ਸੀਨੀਅਰ ਕਪਤਾਨ ਪੁਲਿਸ, ਸੰਗਰੂਰ।
6. ਉਪ ਮੰਡਲ ਮੈਜਿਸਟਰੇਟ, ਸੰਗਰੂਰ/ਸੁਨਾਮ/ਧੂਰੀ/ਮਾਲੇਰਕੋਟਲਾ/ਮੂਨਕ/ਲਹਿਰਾ/ ਭਵਾਨੀਗੜ੍ਹ/ਅਹਿਮਦਗੜ੍ਹ/ਦਿੜ੍ਹਬਾ।
7. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ, ਸੰਗਰੂਰ ਅਤੇ ਸਮੂਹ ਬੀ.ਡੀ.ਪੀ.ਓਜ਼ ਨੂੰ ਨੋਟ ਕਰਾਉਣ ਹਿੱਤ
8. ਸਮੂਹ ਕਾਰਜ ਸਾਧਕ ਅਫਸਰ, ਜਿਲ੍ਹਾ ਸੰਗਰੂਰ ਰਾਂਹੀ ਅਫਸਰ ਇੰਚਾਰਜ ਐਲ.ਐਫ.ਏ, ਸਦਰ ਦਫਤਰ।
9. ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦਫਤਰ ਸੰਗਰੂਰ
10. ਮੁੱਖ ਮੈਡੀਕਲ ਅਫਸਰ, ਸੰਗਰੂਰ।
11. ਜਿਲ੍ਹਾ ਖੇਡ ਅਫਸਰ, ਸੰਗਰੂਰ
12. ਜਿਲ੍ਹਾ ਲੋਕ ਸੰਪਰਕ ਅਫਸਰ ਸੰਗਰੂਰ
13. ਸਕੱਤਰ, ਇੰਡੀਅਨ ਰੈਡ ਕਰਾਸ ਸੋਸਾਇਟੀ, ਸੰਗਰੂਰ
14. ਪੀ.ਏ ਟੂ ਡੀ.ਸੀ./ਸਟੈਨੋ ਟੂ ਏ.ਡੀ.ਸੀ./ਏ.ਸੀ.(ਜ)/ਏ.ਸੀ (ਸ਼ਿਕਾਇਤਾਂ) ਪਾਸ ਸੂਚਨਾ ਅਤੇ ਪਾਲਣਾ ਹਿੱਤ।

ਵਾ ਜਿਲ੍ਹਾ ਮੈਜਿਸਟਰੇਟ,
ਸੰਗਰੂਰ।

Scanned with CamScanner